# ਵਿੱਦਿਅਕ ਵਰ੍ਹਾ (2025-26)
# ਜਮਾਤ-ਬਾਰ੍ਹਵੀਂ, ਲਾਜ਼ਮੀ ਪੰਜਾਬੀ
# ਪ੍ਰਸ਼ਨ-ਪੱਤਰ ਦੀ ਰੂਪ-ਰੇਖਾ

**ਸਮਾਂ :** 3 **ਘੰਟੇ** **ਅੰਕ :** 80

**ਨੋਟ :** 1. ਪ੍ਰਸ਼ਨ ਪੱਤਰ ਦੇ ਕੁੱਲ 10 ਪ੍ਰਸ਼ਨ ਹੋਣਗੇ।
2. ਸਾਰੇ ਪ੍ਰਸ਼ਨ ਜ਼ਰੂਰੀ ਹੋਣਗੇ।
3. ਵਸਤੂਨਿਸ਼ਠ ਪ੍ਰਸ਼ਨ ਦੇ ਚਾਰ ਭਾਗ (ੳ), (ਅ), (ੲ) ਅਤੇ (ਸ) ਹੋਣਗੇ। ਹਰੇਕ ਭਾਗ ਵਿੱਚ ਪੰਜ ਪ੍ਰਸ਼ਨ ਹੋਣਗੇ। ਹਰੇਕ ਪ੍ਰਸ਼ਨ ਇੱਕ ਅੰਕ ਦਾ ਹੋਵੇਗਾ।

**ਪ੍ਰਸ਼ਨ 1. ਵਸਤੂਨਿਸ਼ਠ ਪ੍ਰਸ਼ਨ:** **20x1=20**

**ਭਾਗ (ੳ) :** ਇਸ ਵਿੱਚ ਇੱਕ-ਦੋ ਸ਼ਬਦਾਂ ਵਿੱਚ ਉੱਤਰ ਲਿਖਣ ਵਾਲ਼ੇ 5 ਪ੍ਰਸ਼ਨ ਹੋਣਗੇ।ਦੋ ਪ੍ਰਸ਼ਨ ਪੰਜਾਬੀ ਸੱਭਿਆਚਾਰ ਦੀ ਜਾਣ-ਪਛਾਣ, ਇੱਕ-ਇੱਕ ਪ੍ਰਸ਼ਨ ਕਵਿਤਾ ਅਤੇ ਕਹਾਣੀ ਵਿੱਚੋਂ, ਇੱਕ ਪ੍ਰਸ਼ਨ ਅਖਾਉਤਾਂ ਵਿੱਚੋਂ ਹੋਵੇਗਾ।ਪੰਜਾਬੀ ਸੱਭਿਆਚਾਰ ਦੀ ਜਾਣ-ਪਛਾਣ ਨਾਲ਼ ਸੰਬੰਧਿਤ ਪ੍ਰਸ਼ਨ ਪਾਠ-ਸਮਗਰੀ ਆਧਾਰਿਤ ਹੋਣਗੇ।ਕਵਿਤਾ ਨਾਲ਼ ਸੰਬੰਧਿਤ ਪ੍ਰਸ਼ਨ ਵਿੱਚ ਕਵਿਤਾ ਦਾ ਨਾਂ/ਕਵੀ ਦਾ ਨਾਂ ਪੁੱਛਿਆ ਜਾਵੇਗਾ। ਕਹਾਣੀਆਂ ਵਿੱਚੋਂ ਪੁੱਛਿਆ ਜਾਣ ਵਾਲ਼ਾ ਪ੍ਰਸ਼ਨ ਪਾਤਰਾਂ ਨਾਲ਼ ਸੰਬੰਧਿਤ ਹੋਵੇਗਾ।ਅਖਾਉਤਾਂ ਨਾਲ਼ ਸੰਬੰਧਿਤ ਪ੍ਰਸ਼ਨ ਅਖਾਉਤ ਦੀ ਵਰਤੋਂ-ਸਥਿਤੀ ਬਾਰੇ ਹੋਵੇਗਾ।

**ਭਾਗ (ਅ) :** ਇਸ ਵਿੱਚ ਬਹੁ-ਚੋਣਵੇਂ ਉੱਤਰਾਂ ਵਾਲ਼ੇ 5 ਪ੍ਰਸ਼ਨ ਹੋਣਗੇ।ਤਿੰਨ ਪ੍ਰਸ਼ਨ ਪੰਜਾਬੀ ਸੱਭਿਆਚਾਰ ਦੀ ਜਾਣ-ਪਛਾਣ, ਇੱਕ ਪ੍ਰਸ਼ਨ ਕਹਾਣੀ ਵਿੱਚੋਂ, ਇੱਕ ਪ੍ਰਸ਼ਨ ਅਖਾਉਤਾਂ ਵਿੱਚੋਂ ਹੋਵੇਗਾ।ਪੰਜਾਬੀ ਸੱਭਿਆਚਾਰ ਦੀ ਜਾਣ-ਪਛਾਣ ਨਾਲ਼ ਸੰਬੰਧਿਤ ਇੱਕ ਪ੍ਰਸ਼ਨ ਲੇਖ ਦਾ ਨਾਂ/ ਲੇਖਕ ਦਾ ਨਾਂ ਬਾਰੇ ਅਤੇ ਦੋ ਪ੍ਰਸ਼ਨ ਪਾਠ-ਸਮਗਰੀ ਆਧਾਰਿਤ ਹੋਣਗੇ।ਕਹਾਣੀਆਂ ਵਿੱਚੋਂ ਪੁੱਛਿਆ ਜਾਣ ਵਾਲ਼ਾ ਪ੍ਰਸ਼ਨ ਪਾਤਰਾਂ/ਕਥਾ-ਸਮਗਰੀ ਨਾਲ਼ ਸੰਬੰਧਿਤ ਹੋਵੇਗਾ।ਅਖਾਉਤਾਂ ਨਾਲ਼ ਸੰਬੰਧਿਤ ਪ੍ਰਸ਼ਨ ਅਖਾਉਤਾਂ ਦੀ ਵਰਤੋਂ-ਸਥਿਤੀ ਬਾਰੇ ਜਾਂ ਅਖਾਉਤ ਪੂਰੀ ਕਰਨ ਨਾਲ਼ ਸੰਬੰਧਿਤ ਹੋਵੇਗਾ।

**ਭਾਗ (ੲ) :** ਇਸ ਵਿੱਚ ਕਥਨ ਦੇ ਠੀਕ ਜਾਂ ਗਲਤ ਹੋਣ ਬਾਰੇ 5 ਪ੍ਰਸ਼ਨ ਹੋਣਗੇ।ਤਿੰਨ ਪ੍ਰਸ਼ਨ ਪੰਜਾਬੀ ਸੱਭਿਆਚਾਰ ਦੀ ਜਾਣ-ਪਛਾਣ, ਇੱਕ ਪ੍ਰਸ਼ਨ ਕਹਾਣੀ ਵਿੱਚੋਂ, ਇੱਕ ਪ੍ਰਸ਼ਨ ਅਖਾਉਤਾਂ ਵਿੱਚੋਂ ਹੋਵੇਗਾ।ਪੰਜਾਬੀ ਸੱਭਿਆਚਾਰ ਦੀ ਜਾਣ-ਪਛਾਣ ਨਾਲ਼ ਸੰਬੰਧਿਤ ਪ੍ਰਸ਼ਨ ਪਾਠ-ਸਮਗਰੀ ਆਧਾਰਿਤ ਹੋਣਗੇ।ਕਹਾਣੀਆਂ ਵਿੱਚੋਂ ਪੁੱਛਿਆ ਜਾਣ ਵਾਲ਼ਾ ਪ੍ਰਸ਼ਨ ਕਹਾਣੀ ਦੇ ਨਾਂ/ਕਹਾਣੀਕਾਰ ਦੇ ਨਾਂ ਜਾਂ ਕਥਾ-ਸਮਗਰੀ ਨਾਲ਼ ਸੰਬੰਧਿਤ ਹੋਵੇਗਾ।ਅਖਾਉਤਾਂ ਨਾਲ਼ ਸੰਬੰਧਿਤ ਪ੍ਰਸ਼ਨ ਅਖਾਉਤਾਂ ਦੀ ਵਰਤੋਂ-ਸਥਿਤੀ ਬਾਰੇ ਹੋਵੇਗਾ।

**ਭਾਗ (ਸ) :** ਇਸ ਵਿੱਚ ਸ਼ਾਮਲ 5 ਪ੍ਰਸ਼ਨਾਂ ਵਿੱਚ ਖਾਲੀ ਥਾਂਵਾਂ ਭਰਨ ਲਈ ਕਿਹਾ ਜਾਵੇਗਾ।ਦੋ ਪ੍ਰਸ਼ਨ ਪੰਜਾਬੀ ਸੱਭਿਆਚਾਰ ਦੀ ਜਾਣ-ਪਛਾਣ, ਦੋ ਪ੍ਰਸ਼ਨ ਕਵਿਤਾ ਵਿੱਚੋਂ, ਇੱਕ ਪ੍ਰਸ਼ਨ ਅਖਾਉਤਾਂ ਵਿੱਚੋਂ ਹੋਵੇਗਾ।ਪੰਜਾਬੀ ਸੱਭਿਆਚਾਰ ਦੀ ਜਾਣ-ਪਛਾਣ ਨਾਲ਼ ਸੰਬੰਧਿਤ ਪ੍ਰਸ਼ਨ ਪਾਠ-ਸਮਗਰੀ ਆਧਾਰਿਤ ਹੋਣਗੇ।ਕਵਿਤਾ ਨਾਲ਼ ਸੰਬੰਧਿਤ ਪ੍ਰਸ਼ਨਾਂ ਵਿੱਚ ਕਾਵਿ-ਸਤਰਾਂ ਪੂਰੀਆਂ ਕਰਨ ਲਈ ਅਤੇ ਅਖਾਉਤਾਂ ਨਾਲ਼ ਸੰਬੰਧਿਤ ਪ੍ਰਸ਼ਨ ਵਿੱਚ ਅਖਾਉਤ ਪੂਰੀ ਕਰਨ ਲਈ ਕਿਹਾ ਜਾਵੇਗਾ।

ਇਹ ਵਸਤੂਨਿਸ਼ਠ ਪ੍ਰਸ਼ਨ ਬੋਰਡ ਵੱਲੋਂ ਵਿਸ਼ੇ ਦੀ ਨਿਰਧਾਰਿਤ ਪਾਠ-ਪੁਸਤਕ ਵਿੱਚੋਂ ਲੁੜੀਂਦੇ ਅਨੁਪਾਤ ਅਨੁਸਾਰ ਹੋਣਗੇ।

**ਪ੍ਰਸ਼ਨ 2.** ਪੰਜਾਬੀ ਸੱਭਿਆਚਾਰ ਦੀ ਜਾਣ-ਪਛਾਣ ਭਾਗ ਵਿੱਚ ਸ਼ਾਮਲ ਲੇਖਾਂ ਵਿੱਚੋਂ ਇੱਕ ਪੈਰਾ ਦੇ ਕੇ ਉਸ ਨਾਲ਼ ਸੰਬੰਧਿਤ 3 ਪ੍ਰਸ਼ਨ ਪੁੱਛੇ ਜਾਣਗੇ। ਹਰੇਕ ਪ੍ਰਸ਼ਨ ਦੋ ਅੰਕ ਦਾ ਹੋਵੇਗਾ। ਇੱਕ ਪ੍ਰਸ਼ਨ ਵਿੱਚ ਦਿੱਤੇ ਗਏ ਪੈਰੇ ਦੇ ਲੇਖ ਦਾ ਨਾਂ ਅਤੇ ਲੇਖਕ ਦਾ ਨਾਂ ਦੱਸਣ ਲਈ ਕਿਹਾ ਜਾਵੇਗਾ।ਦੋ ਪ੍ਰਸ਼ਨ ਪੈਰੇ ਵਿੱਚ ਸ਼ਾਮਲ ਸਮਗਰੀ ਆਧਾਰਿਤ ਹੋਣਗੇ। **3x2=6**

**ਪ੍ਰਸ਼ਨ 3.** ਪੰਜਾਬੀ ਸਭਿਆਚਾਰ ਦੀ ਜਾਣ-ਪਛਾਣ ਭਾਗ ਦੇ ਪਾਠਾਂ ਦੇ ਅਭਿਆਸੀ ਪ੍ਰਸ਼ਨਾਂ ਵਿੱਚੋਂ ਸੱਤ ਪ੍ਰਸ਼ਨ ਦੇ ਕੇ ਕਿਸੇ ਚਾਰ ਦੇ ਉੱਤਰ ਦੇਣ ਲਈ ਕਿਹਾ ਜਾਵੇਗਾ।ਹਰੇਕ ਪ੍ਰਸ਼ਨ ਤਿੰਨ ਅੰਕਾਂ ਦਾ ਹੋਵੇਗਾ **4x3=12**

**ਪ੍ਰਸ਼ਨ 4.** ਪਾਠ-ਪੁਸਤਕ ਵਿੱਚੋਂ ਕਾਰ-ਵਿਹਾਰ ਦੇ ਦੋ ਪੱਤਰ ਦੇ ਕੇ ਇੱਕ ਪੱਤਰ ਲਿਖਣ ਲਈ ਕਿਹਾ ਜਾਵੇਗਾ। 2+4+1=7

**ਪ੍ਰਸ਼ਨ 5.** ਪਾਠ-ਪੁਸਤਕ ਵਿੱਚੋਂ ਇੱਕ ਪੈਰਾ ਦੇ ਕੇ ਸੰਖੇਪ ਰਚਨਾ ਕਰਨ ਅਤੇ ਢੁਕਵਾਂ ਸਿਰਲੇਖ ਲਿਖਣ ਲਈ ਕਿਹਾ ਜਾਵੇਗਾ। ਸੰਖੇਪ ਰਚਨਾ ਲਈ 3 ਅੰਕ ਅਤੇ ਢੁਕਵੇਂ ਸਿਰਲੇਖ ਲਈ 1 ਅੰਕ ਹੋਵੇਗਾ। 3+1=4

**ਪ੍ਰਸ਼ਨ 6. (ੳ)** ਪਾਠ-ਪੁਸਤਕ ਵਿੱਚ ਸ਼ਾਮਲ ਸ਼ਬਦ-ਸਮੂਹਾਂ (ਸਮੇਤ ਪਾਠ-ਅਭਿਆਸ) ਵਿੱਚੋਂ ਦੋ ਸ਼ਬਦ-ਸਮੂਹ ਦੇ ਕੇ ਕਿਸੇ ਇੱਕ ਨੂੰ ਸ਼ਬਦ-ਕੋਸ਼ ਤਰਤੀਬ ਅਨੁਸਾਰ ਲਿਖਣ ਲਈ ਕਿਹਾ ਜਾਵੇਗਾ। **6×1/2=3**

Visit CollegeDekho

**(ਅ)** ਪਾਠ-ਪੁਸਤਕ ਵਿੱਚ ਸ਼ਾਮਲ ਵਾਕਾਂ (ਸਮੇਤ ਪਾਠ-ਅਭਿਆਸ) ਵਿੱਚੋਂ 7 ਵਾਕ ਦੇ ਕੇ ਕਿਸੇ ਚਾਰ ਵਾਕਾਂ ਦਾ ਬਰੈਕਟ ਵਿੱਚ ਦਿੱਤੇ ਨਿਰਦੇਸ਼ ਅਨੁਸਾਰ ਵਾਕ-ਵਟਾਂਦਰਾ ਕਰਨ ਲਈ ਕਿਹਾ ਜਾਵੇਗਾ। ਹਰੇਕ ਦਾ ਇੱਕ ਅੰਕ ਹੋਵੇਗਾ। **4x1=4**

**ਪ੍ਰਸ਼ਨ 7.** ਪਾਠ-ਪੁਸਤਕ ਵਿੱਚ ਸ਼ਾਮਲ ਅਖਾਉਤਾਂ (ਸਮੇਤ ਪਾਠ-ਅਭਿਆਸ) ਵਿੱਚੋਂ 8 ਅਖਾਉਤਾਂ ਵਿੱਚੋਂ ਕੋਈ ਪੰਜ ਨੂੰ ਵਾਕਾਂ ਵਿੱਚ ਵਰਤਣ ਜਾਂ ਉਨ੍ਹਾਂ ਦੀ ਵਰਤੋਂ ਦੀਆਂ ਸਥਿਤੀਆਂ ਦੱਸਣ ਲਈ ਕਿਹਾ ਜਾਵੇਗਾ। **5×2=10**

**ਪ੍ਰਸ਼ਨ 8.** ਪਾਠ-ਪੁਸਤਕ ਵਿੱਚ ਸ਼ਾਮਲ ਕਵਿਤਾਵਾਂ ਵਿੱਚੋਂ ਕਿਸੇ ਇੱਕ ਕਵਿਤਾ ਦੀਆਂ ਕਾਵਿ-ਸਤਰਾਂ ਦੇ ਕੇ ਉਹਨਾਂ ਉੱਪਰ ਆਧਾਰਿਤ ਤਿੰਨ ਪ੍ਰਸ਼ਨ ਪੁੱਛੇ ਜਾਣਗੇ। ਪਹਿਲਾ ਪ੍ਰਸ਼ਨ ਸੰਬੰਧਿਤ ਕਵਿਤਾ ਦਾ ਨਾਂ ਅਤੇ ਕਵੀ ਦਾ ਨਾਂ ਦੱਸਣ ਬਾਰੇ ਹੋਵੇਗਾ। ਅਗਲੇ ਦੋ ਪ੍ਰਸ਼ਨ ਕਾਵਿ-ਸਤਰਾਂ ਦੇ ਅਰਥ/ਭਾਵਾਰਥ/ਪ੍ਰਸੰਗਕ-ਵਿਆਖਿਆ ਉੱਪਰ ਆਧਾਰਿਤ ਹੋਣਗੇ। 2+1+1=4

**ਪ੍ਰਸ਼ਨ 9.** ਪਾਠ-ਪੁਸਤਕ ਵਿੱਚੋਂ 3 ਕਵਿਤਾਵਾਂ ਦੇ ਕੇ ਕਿਸੇ ਇੱਕ ਕਵਿਤਾ ਦਾ ਕੇਂਦਰੀ ਭਾਵ ਲਿਖਣ ਲਈ ਕਿਹਾ ਜਾਵੇਗਾ। 04

**ਪ੍ਰਸ਼ਨ 10.** ਪਾਠ-ਪੁਸਤਕ ਵਿੱਚੋਂ ਕੋਈ ਦੋ ਕਹਾਣੀਆਂ ਦੇ ਕੇ ਕਿਸੇ ਇੱਕ ਕਹਾਣੀ ਦਾ ਸਾਰ ਲਿਖਣ ਲਈ ਕਿਹਾ ਜਾਵੇਗਾ। 06

Visit CollegeDekho